**Kamala D. Harris**
**Attorney General**
**State of California**

## Marsy ਦਾ ਕਾਰਡ ਅਤੇ ਵਸੀਲੇ

ਕੈਲੇਫੋਰਨੀਆ ਦੇ ਸੰਵਿਧਾਨ ਦਾ ਆਰਟੀਕਲ 1, ਸੈਕਸ਼ਨ 28(b) ਜੁਰਮ ਤੋਂ ਪੀੜਿਤ ਲੋਕਾਂ ਨੂੰ ਕੁਝ ਹੱਕ ਦਿੰਦਾ ਹੈ। ਇਨ੍ਹਾਂ ਹੱਕਾਂ ਵਿਚ ਸ਼ਾਮਲ ਹਨ:

1. **ਨਿਰਪੱਖਤਾ ਅਤੇ ਆਦਰ**
   ਆਪਣੀ ਭੇਤਦਾਰੀ ਅਤੇ ਸ਼ਾਨ ਲਈ ਨਿਰਪੱਖਤਾ ਅਤੇ ਆਦਰ ਨਾਲ ਵਰਤਾਉ ਕੀਤੇ ਜਾਣ ਅਤੇ ਕਰਿਮੀਨਲ ਜਾਂ ਨੌਜਵਾਨਾਂ ਨਾਲ ਸੰਬੰਧਿਤ ਇਨਸਾਫ ਦੇ ਕਾਰਜ ਦੌਰਾਨ ਡਰਾਵਿਆਂ, ਪਰੇਸ਼ਾਨੀ, ਅਤੇ ਬੁਰੇ ਵਰਤਾਉ ਤੋਂ ਮੁਕਤ ਰਹਿਣ ਦਾ ਹੱਕ।

2. **ਕਥਿਤ ਦੋਸ਼ੀ ਤੋਂ ਸੁਰੱਖਿਆ**
   ਕਥਿਤ ਦੋਸ਼ੀ (ਡਿਫੈਨਡੈਂਟ) ਅਤੇ ਕਥਿਤ ਦੋਸ਼ੀ ਦੀ ਤਰਫੋਂ ਕਾਰਵਾਈ ਕਰ ਰਹੇ ਵਿਅਕਤੀਆਂ ਤੋਂ ਵਾਜਬ ਤੌਰ ’ਤੇ ਸੁਰੱਖਿਆ ਦਾ ਹੱਕ।

3. **ਜ਼ਮਾਨਤ ਅਤੇ ਰਿਹਾਈ ਦੀਆਂ ਸ਼ਰਤਾਂ ਤਹਿ ਕਰਨ ਵੇਲੇ ਪੀੜਿਤ ਦੀ ਸੁਰੱਖਿਆ ’ਤੇ ਵਿਚਾਰਾਂ**
   ਕਥਿਤ ਦੋਸ਼ੀ ਦੀ ਜ਼ਮਾਨਤ ਅਤੇ ਰਿਹਾਈ ਦੀਆਂ ਸ਼ਰਤਾਂ ਤਹਿ ਕਰਨ ਵੇਲੇ ਪੀੜਿਤ ਅਤੇ ਪੀੜਿਤ ਦੇ ਪਰਿਵਾਰ ਦੀ ਸੁਰੱਖਿਆ ਨੂੰ ਵਿਚਾਰੇ ਜਾਣ ਦਾ ਹੱਕ।

4. **ਗੁਪਤ ਜਾਣਕਾਰੀ ਨੂੰ ਪ੍ਰਗਟ ਕਰਨ ਤੋਂ ਰੋਕਥਾਮ**
   ਗੁਪਤ ਜਾਣਕਾਰੀ ਜਾਂ ਰਿਕਾਰਡਾਂ ਨੂੰ ਕਥਿਤ ਦੋਸ਼ੀ, ਕਥਿਤ ਦੋਸ਼ੀ ਦੇ ਵਕੀਲ ਜਾਂ ਕਥਿਤ ਦੋਸ਼ੀ ਦੀ ਤਰਫੋਂ ਕੰਮ ਕਰ ਰਹੇ ਕਿਸੇ ਵੀ ਹੋਰ ਵਿਅਕਤੀ ਕੋਲ ਪ੍ਰਗਟ ਕਰਨ ਤੋਂ ਰੋਕਥਾਮ ਕਰਨ ਦਾ ਹੱਕ, ਜਿਹੜੀ ਜਾਣਕਾਰੀ ਪੀੜਿਤ ਜਾਂ ਪੀੜਿਤ ਦੇ ਪਰਿਵਾਰ ਨੂੰ ਲੱਭਣ ਜਾਂ ਪਰੇਸ਼ਾਨ ਕਰਨ ਲਈ ਵਰਤੀ ਜਾ ਸਕਦੀ ਹੋਵੇ ਜਾਂ ਜਿਹੜੀ ਡਾਕਟਰੀ ਇਲਾਜ ਜਾਂ ਕੌਂਸਲਿੰਗ ਦੌਰਾਨ ਦੱਸੀ ਭੇਤ ਵਾਲੀ ਗੱਲਬਾਤ ਨੂੰ ਪ੍ਰਗਟ ਕਰਦੀ ਹੋਵੇ ਜਾਂ ਜਿਹੜੀ ਕਾਨੂੰਨ ਮੁਤਾਬਕ ਗੁਪਤ ਰੱਖੀ ਜਾਣੀ ਹੈ।

5. **ਕਥਿਤ ਦੋਸ਼ੀ ਵਲੋਂ ਇੰਟਰਵਿਊ ਕੀਤੇ ਜਾਣ ਤੋਂ ਨਾਂਹ**
   ਕਥਿਤ ਦੋਸ਼ੀ, ਕਥਿਤ ਦੋਸ਼ੀ ਦੇ ਵਕੀਲ ਜਾਂ ਕਥਿਤ ਦੋਸ਼ੀ ਦੀ ਤਰਫੋਂ ਕੰਮ ਕਰ ਰਹੇ ਕਿਸੇ ਵੀ ਹੋਰ ਵਿਅਕਤੀ ਵਲੋਂ ਇੰਟਰਵਿਊ ਕਰਨ, ਗਵਾਹੀ ਦੇਣ ਜਾਂ ਤਫਤੀਸ਼ ਕਰਨ ਲਈ ਸਵਾਲ ਪੁੱਛਣ ਦੀ ਬੇਨਤੀ ਤੋਂ ਨਾਂਹ ਕਰਨ ਅਤੇ ਪੀੜਿਤ ਦੀ ਸਹਿਮਤੀ ਨਾਲ ਕੀਤੀ ਜਾਣ ਵਾਲੀ ਕਿਸੇ ਵੀ ਅਜਿਹੀ ਇੰਟਰਵਿਊ ਦੀ ਵਰਤੋਂ ’ਤੇ ਵਾਜਬ ਸ਼ਰਤਾਂ ਲਾਉਣ ਦਾ ਹੱਕ।

6. **ਸਰਕਾਰੀ ਵਕੀਲ ਨਾਲ ਮੀਟਿੰਗ ਅਤੇ ਮੁਕੱਦਮੇ ਤੋਂ ਪਹਿਲਾਂ ਦੇ ਪ੍ਰਬੰਧ ਦਾ ਨੋਟਿਸ**
   ਮੰਗ ਕਰਨ ’ਤੇ, ਮੁਕੱਦਮੇ ਦੀ ਪੈਰਵੀ ਕਰ ਰਹੀ ਏਜੰਸੀ ਨਾਲ ਵਾਜਬ ਸਲਾਹ ਦੇ ਨੋਟਿਸ ਦਾ ਹੱਕ, ਕਥਿਤ ਦੋਸ਼ੀ ਦੀ ਗ੍ਰਿਫਤਾਰੀ ਨਾਲ ਸੰਬੰਧਿਤ ਜੇ ਸਰਕਾਰੀ ਵਕੀਲ ਨੂੰ ਪਤਾ ਹੋਵੇ, ਲਾਏ ਗਏ ਚਾਰਜ, ਇਹ ਫੈਸਲਾ ਕਿ ਕੀ ਕਥਿਤ ਦੋਸ਼ੀ ਨੂੰ ਦੂਸਰੇ ਦੇਸ਼ ਦੇ ਹਵਾਲੇ ਕਰਨਾ ਹੈ, ਅਤੇ ਮੰਗ ਕਰਨ ’ਤੇ, ਕੇਸ ਦੇ ਮੁਕੱਦਮੇ ਤੋਂ ਪਹਿਲਾਂ ਦੇ ਕਿਸੇ ਪ੍ਰਬੰਧ ਤੋਂ ਪਹਿਲਾਂ ਸੂਚਿਤ ਕੀਤੇ ਜਾਣ ਅਤੇ ਜਾਣਕਾਰੀ ਮਿਲਣ ਦਾ ਹੱਕ।

7. **ਜਨਤਕ ਕਾਰਵਾਈਆਂ ਦੀ ਜਾਣਕਾਰੀ ਅਤੇ ਹਾਜ਼ਰੀ**
   ਸਾਰੀਆਂ ਜਨਤਕ (ਪਬਲਿਕ) ਕਾਰਵਾਈਆਂ ਦੀ ਵਾਜਬ ਜਾਣਕਾਰੀ ਮਿਲਣ ਦਾ ਹੱਕ, ਜਿਨ੍ਹਾਂ ਵਿਚ ਨਾਬਾਲਗਾਂ ਵਲੋਂ ਜੁਰਮ ਨਾਲ ਸੰਬੰਧਤ ਕਾਰਵਾਈਆਂ ਦੀ ਜਾਣਕਾਰੀ ਵੀ ਸ਼ਾਮਲ ਹੈ, ਜਿੱਥੇ ਕਥਿਤ ਦੋਸ਼ੀ ਅਤੇ ਸਰਕਾਰੀ ਵਕੀਲ ਹਾਜ਼ਰ ਹੋਣ ਦੇ ਹੱਕਦਾਰ ਹਨ ਅਤੇ ਪੈਰੋਲ ਜਾਂ ਦੋਸ਼ ਸਿੱਧ ਹੋਣ ਤੋਂ ਬਾਅਦ ਰਿਹਾਈ ਦੀਆਂ ਕਾਰਵਾਈਆਂ ਦੀ ਜਾਣਕਾਰੀ ਮਿਲਣ ਅਤੇ ਅਜਿਹੀਆਂ ਸਾਰੀਆਂ ਕਾਰਵਾਈਆਂ ’ਤੇ ਹਾਜ਼ਰ ਹੋਣ ਦਾ ਹੱਕ।

8. **ਅਦਾਲਤ ਦੀਆਂ ਕਾਰਵਾਈਆਂ ਵਿਚ ਹਾਜ਼ਰੀ ਅਤੇ ਵਿਚਾਰਾਂ ਦਾ ਪ੍ਰਗਟਾ**
   ਮੰਗ ਕਰਨ ’ਤੇ ਕਿਸੇ ਵੀ ਕਾਨੂੰਨੀ ਕਾਰਵਾਈ ਵਿਖੇ ਸੁਣੇ ਜਾਣ ਦਾ ਹੱਕ, ਜਿਸ ਵਿਚ ਨਾਬਾਲਗਾਂ ਵਲੋਂ ਜੁਰਮ ਨਾਲ ਸੰਬੰਧਤ ਕਾਰਵਾਈ, ਗ੍ਰਿਫਤਾਰ ਕਰਨ ਤੋਂ ਬਾਅਦ ਰਿਹਾਅ ਕਰਨ ਬਾਰੇ ਕੋਈ ਫੈਸਲਾ, ਸਫਾਈ ਧਿਰ ਦਾ ਜੁਆਬ, ਸਜ਼ਾ, ਦੋਸ਼ ਸਿੱਧ ਹੋਣ ਤੋਂ ਬਾਅਦ ਰਿਹਾਈ ਦਾ ਫੈਸਲਾ, ਜਾਂ ਕੋਈ ਵੀ ਅਜਿਹੀ ਕਾਨੂੰਨੀ ਕਾਰਵਾਈ ਸ਼ਾਮਲ ਹੈ ਜਿਸ ਵਿਚ ਪੀੜਿਤ ਦੇ ਹੱਕ ਦਾ ਮਾਮਲਾ ਹੋਵੇ।

9. **ਜਲਦੀ ਮੁਕੱਦਮਾ ਅਤੇ ਕੇਸ ਦਾ ਤੁਰੰਤ ਨਿਰਨਾ**
   ਜਲਦੀ ਮੁਕੱਦਮੇ ਅਤੇ ਕੇਸ ਅਤੇ ਫੈਸਲੇ ਤੋਂ ਬਾਅਦ ਦੀਆਂ ਸੰਬੰਧਿਤ ਕਾਨੂੰਨੀ ਕਾਰਵਾਈਆਂ ਦੇ ਤੁਰੰਤ ਅਤੇ ਅੰਤਿਮ ਨਿਰਨੇ ਦਾ ਹੱਕ।

10. **ਪ੍ਰੋਬੇਸ਼ਨ ਡਿਪਾਰਟਮੈਂਟ ਨੂੰ ਜਾਣਕਾਰੀ ਦੇਣ ਦਾ ਪ੍ਰਬੰਧ**
    ਸਜ਼ਾ ਸੁਣਾਈ ਜਾਣ ਤੋਂ ਪਹਿਲਾਂ ਪੀੜਿਤ ਅਤੇ ਪੀੜਿਤ ਦੇ ਪਰਿਵਾਰ ਉੱਪਰ ਜੁਰਮ ਦੇ ਅਸਰ ਬਾਰੇ ਜਾਂਚ ਕਰ ਰਹੇ ਪ੍ਰੋਬੇਸ਼ਨ ਡਿਪਾਰਟਮੈਂਟ ਦੇ ਅਫਸਰ ਨੂੰ ਜਾਣਕਾਰੀ ਦੇਣ ਅਤੇ ਕਥਿਤ ਦੋਸ਼ੀ ਦੀ ਸਜ਼ਾ ਤੋਂ ਪਹਿਲਾਂ ਸਜ਼ਾ ਬਾਰੇ ਸਿਫਾਰਸ਼ਾਂ ਕਰਨ ਦਾ ਹੱਕ।

11. **ਸਜ਼ਾ ਤੋਂ ਪਹਿਲਾਂ ਦੀ ਰਿਪੋਰਟ ਲੈਣਾ**
    ਸਜ਼ਾ ਤੋਂ ਪਹਿਲਾਂ ਦੀ ਰਿਪੋਰਟ ਜਦੋਂ ਕਥਿਤ ਦੋਸ਼ੀ ਲਈ ਉਪਲਬਧ ਹੋਵੇ, ਮੰਗਣ ’ਤੇ ਮਿਲਣ ਦਾ ਹੱਕ, ਉਨ੍ਹਾਂ ਹਿੱਸਿਆਂ ਤੋਂ ਬਿਨਾਂ ਜਿਹੜੇ ਕਾਨੂੰਨ ਮੁਤਾਬਕ ਗੁਪਤ ਰੱਖੇ ਗਏ ਹਨ।

12. **ਦੋਸ਼ ਸਿੱਧ ਹੋਣ, ਸਜ਼ਾ, ਕੈਦ, ਰਿਹਾਈ, ਅਤੇ ਫਰਾਰ ਹੋਣ ਬਾਰੇ ਜਾਣਕਾਰੀ**
    ਮੰਗਣ ’ਤੇ, ਦੋਸ਼ ਸਿੱਧ ਹੋਣ, ਸਜ਼ਾ, ਕੈਦ ਦੇ ਸਥਾਨ ਅਤੇ ਸਮੇਂ, ਜਾਂ ਕਥਿਤ ਦੋਸ਼ੀ ਬਾਰੇ ਹੋਰ ਪ੍ਰਬੰਧਾਂ, ਕਥਿਤ ਦੋਸ਼ੀ ਦੀ ਰਿਹਾਈ ਦੀ ਮਿੱਥੀ ਤਾਰੀਕ, ਅਤੇ ਹਿਰਾਸਤ ਵਿੱਚੋਂ ਕਥਿਤ ਦੋਸ਼ੀ ਦੀ ਰਿਹਾਈ ਜਾਂ ਫਰਾਰੀ ਬਾਰੇ ਜਾਣਕਾਰੀ ਮਿਲਣ ਦਾ ਹੱਕ।

13. **ਮੁਆਵਜ਼ਾ**
    A. ਕੈਲੇਫੋਰਨੀਆ ਸਟੇਟ ਦੇ ਲੋਕਾਂ ਦਾ ਇਹ ਸਪਸ਼ਟ ਇਰਾਦਾ ਹੈ ਕਿ ਕਿਸੇ ਮੁਜਰਮਾਨਾ ਕਾਰਵਾਈ ਦੇ ਨਤੀਜੇ ਵਜੋਂ ਜਿਨ੍ਹਾਂ ਵਿਅਕਤੀਆਂ ਦਾ ਨੁਕਸਾਨ ਹੁੰਦਾ ਹੈ, ਉਨ੍ਹਾਂ ਵਿਅਕਤੀਆਂ ਨੂੰ ਉਨ੍ਹਾਂ ਦੇ ਨੁਕਸਾਨ ਦਾ ਕਾਰਨ ਬਣਨ ਵਾਲੇ ਜੁਰਮਾਂ ਲਈ ਦੋਸ਼ੀ ਸਿੱਧੇ ਹੋਏ ਵਿਅਕਤੀਆਂ ਤੋਂ ਮੁਆਵਜ਼ਾ ਮੰਗਣ ਅਤੇ ਹਾਸਲ ਕਰਨ ਦਾ ਹੱਕ ਹੈ।

    B. ਦੋਸ਼ੀ ਸਿੱਧ ਹੋਏ ਅਪਰਾਧੀ ਤੋਂ ਮੁਆਵਜ਼ੇ ਦਾ ਆਰਡਰ ਹਰ ਉਸ ਕੇਸ ਵਿਚ ਕੀਤਾ ਜਾਵੇਗਾ, ਜਿਸ ਵਿਚ ਜੁਰਮ ਤੋਂ ਪੀੜਿਤ ਵਿਅਕਤੀ ਦਾ ਨੁਕਸਾਨ ਹੋਇਆ ਹੈ, ਦਿੱਤੀ ਗਈ ਸਜ਼ਾ ਜਾਂ ਕੀਤਾ ਗਿਆ ਪ੍ਰਬੰਧ ਭਾਵੇਂ ਕੋਈ ਵੀ ਹੋਵੇ।

    C. ਜਿਸ ਵਿਅਕਤੀ ਨੂੰ ਮੁਆਵਜ਼ਾ ਦੇਣ ਦਾ ਆਰਡਰ ਕੀਤਾ ਗਿਆ ਹੈ, ਉਸ ਤੋਂ ਲਈਆਂ ਗਈਆਂ ਪੈਸੇ ਦੀਆਂ ਸਾਰੀਆਂ ਅਦਾਇਗੀਆਂ, ਪੈਸੇ, ਅਤੇ ਉਗਰਾਹੀ ਗਈ ਜਾਇਦਾਦ, ਪਹਿਲਾਂ ਪੀੜਿਤ ਵਿਅਕਤੀ ਨੂੰ ਮੁਆਵਜ਼ੇ ਦੀ ਆਰਡਰ ਕੀਤੀ ਗਈ ਰਕਮ ਦਾ ਭੁਗਤਾਨ ਕਰਨ ਲਈ ਵਰਤੀ ਜਾਵੇਗੀ।

14. **ਜਾਇਦਾਦ ਦੀ ਤੁਰੰਤ ਵਾਪਸੀ**
    ਜਾਇਦਾਦ ਦੀ ਤੁਰੰਤ ਵਾਪਸੀ ਦਾ ਹੱਕ ਜਦੋਂ ਇਸ ਦੀ ਸਬੂਤ ਵਜੋਂ ਲੋੜ ਨਾ ਰਹੇ।



**Kamala D. Harris**
**Attorney General**
**State of California**

## Marsy ਦਾ ਕਾਰਡ ਅਤੇ ਵਸੀਲੇ

ਕੈਲੇਫੋਰਨੀਆ ਦੇ ਸੰਵਿਧਾਨ ਦਾ ਆਰਟੀਕਲ 1, ਸੈਕਸ਼ਨ 28(b) ਜੁਰਮ ਤੋਂ ਪੀੜਿਤ ਲੋਕਾਂ ਨੂੰ ਕੁਝ ਹੱਕ ਦਿੰਦਾ ਹੈ। ਇਨ੍ਹਾਂ ਹੱਕਾਂ ਵਿਚ ਸ਼ਾਮਲ ਹਨ:

1. **ਨਿਰਪੱਖਤਾ ਅਤੇ ਆਦਰ**
   ਆਪਣੀ ਭੇਤਦਾਰੀ ਅਤੇ ਸ਼ਾਨ ਲਈ ਨਿਰਪੱਖਤਾ ਅਤੇ ਆਦਰ ਨਾਲ ਵਰਤਾਉ ਕੀਤੇ ਜਾਣ ਅਤੇ ਕਰਿਮੀਨਲ ਜਾਂ ਨੌਜਵਾਨਾਂ ਨਾਲ ਸੰਬੰਧਿਤ ਇਨਸਾਫ ਦੇ ਕਾਰਜ ਦੌਰਾਨ ਡਰਾਵਿਆਂ, ਪਰੇਸ਼ਾਨੀ, ਅਤੇ ਬੁਰੇ ਵਰਤਾਉ ਤੋਂ ਮੁਕਤ ਰਹਿਣ ਦਾ ਹੱਕ।

2. **ਕਥਿਤ ਦੋਸ਼ੀ ਤੋਂ ਸੁਰੱਖਿਆ**
   ਕਥਿਤ ਦੋਸ਼ੀ (ਡਿਫੈਨਡੈਂਟ) ਅਤੇ ਕਥਿਤ ਦੋਸ਼ੀ ਦੀ ਤਰਫੋਂ ਕਾਰਵਾਈ ਕਰ ਰਹੇ ਵਿਅਕਤੀਆਂ ਤੋਂ ਵਾਜਬ ਤੌਰ ’ਤੇ ਸੁਰੱਖਿਆ ਦਾ ਹੱਕ।

3. **ਜ਼ਮਾਨਤ ਅਤੇ ਰਿਹਾਈ ਦੀਆਂ ਸ਼ਰਤਾਂ ਤਹਿ ਕਰਨ ਵੇਲੇ ਪੀੜਿਤ ਦੀ ਸੁਰੱਖਿਆ ’ਤੇ ਵਿਚਾਰਾਂ**
   ਕਥਿਤ ਦੋਸ਼ੀ ਦੀ ਜ਼ਮਾਨਤ ਅਤੇ ਰਿਹਾਈ ਦੀਆਂ ਸ਼ਰਤਾਂ ਤਹਿ ਕਰਨ ਵੇਲੇ ਪੀੜਿਤ ਅਤੇ ਪੀੜਿਤ ਦੇ ਪਰਿਵਾਰ ਦੀ ਸੁਰੱਖਿਆ ਨੂੰ ਵਿਚਾਰੇ ਜਾਣ ਦਾ ਹੱਕ।

4. **ਗੁਪਤ ਜਾਣਕਾਰੀ ਨੂੰ ਪ੍ਰਗਟ ਕਰਨ ਤੋਂ ਰੋਕਥਾਮ**
   ਗੁਪਤ ਜਾਣਕਾਰੀ ਜਾਂ ਰਿਕਾਰਡਾਂ ਨੂੰ ਕਥਿਤ ਦੋਸ਼ੀ, ਕਥਿਤ ਦੋਸ਼ੀ ਦੇ ਵਕੀਲ ਜਾਂ ਕਥਿਤ ਦੋਸ਼ੀ ਦੀ ਤਰਫੋਂ ਕੰਮ ਕਰ ਰਹੇ ਕਿਸੇ ਵੀ ਹੋਰ ਵਿਅਕਤੀ ਕੋਲ ਪ੍ਰਗਟ ਕਰਨ ਤੋਂ ਰੋਕਥਾਮ ਕਰਨ ਦਾ ਹੱਕ, ਜਿਹੜੀ ਜਾਣਕਾਰੀ ਪੀੜਿਤ ਜਾਂ ਪੀੜਿਤ ਦੇ ਪਰਿਵਾਰ ਨੂੰ ਲੱਭਣ ਜਾਂ ਪਰੇਸ਼ਾਨ ਕਰਨ ਲਈ ਵਰਤੀ ਜਾ ਸਕਦੀ ਹੋਵੇ ਜਾਂ ਜਿਹੜੀ ਡਾਕਟਰੀ ਇਲਾਜ ਜਾਂ ਕੌਂਸਲਿੰਗ ਦੌਰਾਨ ਦੱਸੀ ਭੇਤ ਵਾਲੀ ਗੱਲਬਾਤ ਨੂੰ ਪ੍ਰਗਟ ਕਰਦੀ ਹੋਵੇ ਜਾਂ ਜਿਹੜੀ ਕਾਨੂੰਨ ਮੁਤਾਬਕ ਗੁਪਤ ਰੱਖੀ ਜਾਣੀ ਹੈ।

5. **ਕਥਿਤ ਦੋਸ਼ੀ ਵਲੋਂ ਇੰਟਰਵਿਊ ਕੀਤੇ ਜਾਣ ਤੋਂ ਨਾਂਹ**
   ਕਥਿਤ ਦੋਸ਼ੀ, ਕਥਿਤ ਦੋਸ਼ੀ ਦੇ ਵਕੀਲ ਜਾਂ ਕਥਿਤ ਦੋਸ਼ੀ ਦੀ ਤਰਫੋਂ ਕੰਮ ਕਰ ਰਹੇ ਕਿਸੇ ਵੀ ਹੋਰ ਵਿਅਕਤੀ ਵਲੋਂ ਇੰਟਰਵਿਊ ਕਰਨ, ਗਵਾਹੀ ਦੇਣ ਜਾਂ ਤਫਤੀਸ਼ ਕਰਨ ਲਈ ਸਵਾਲ ਪੁੱਛਣ ਦੀ ਬੇਨਤੀ ਤੋਂ ਨਾਂਹ ਕਰਨ ਅਤੇ ਪੀੜਿਤ ਦੀ ਸਹਿਮਤੀ ਨਾਲ ਕੀਤੀ ਜਾਣ ਵਾਲੀ ਕਿਸੇ ਵੀ ਅਜਿਹੀ ਇੰਟਰਵਿਊ ਦੀ ਵਰਤੋਂ ’ਤੇ ਵਾਜਬ ਸ਼ਰਤਾਂ ਲਾਉਣ ਦਾ ਹੱਕ।

6. **ਸਰਕਾਰੀ ਵਕੀਲ ਨਾਲ ਮੀਟਿੰਗ ਅਤੇ ਮੁਕੱਦਮੇ ਤੋਂ ਪਹਿਲਾਂ ਦੇ ਪ੍ਰਬੰਧ ਦਾ ਨੋਟਿਸ**
   ਮੰਗ ਕਰਨ ’ਤੇ, ਮੁਕੱਦਮੇ ਦੀ ਪੈਰਵੀ ਕਰ ਰਹੀ ਏਜੰਸੀ ਨਾਲ ਵਾਜਬ ਸਲਾਹ ਦੇ ਨੋਟਿਸ ਦਾ ਹੱਕ, ਕਥਿਤ ਦੋਸ਼ੀ ਦੀ ਗ੍ਰਿਫਤਾਰੀ ਨਾਲ ਸੰਬੰਧਿਤ ਜੇ ਸਰਕਾਰੀ ਵਕੀਲ ਨੂੰ ਪਤਾ ਹੋਵੇ, ਲਾਏ ਗਏ ਚਾਰਜ, ਇਹ ਫੈਸਲਾ ਕਿ ਕੀ ਕਥਿਤ ਦੋਸ਼ੀ ਨੂੰ ਦੂਸਰੇ ਦੇਸ਼ ਦੇ ਹਵਾਲੇ ਕਰਨਾ ਹੈ, ਅਤੇ ਮੰਗ ਕਰਨ ’ਤੇ, ਕੇਸ ਦੇ ਮੁਕੱਦਮੇ ਤੋਂ ਪਹਿਲਾਂ ਦੇ ਕਿਸੇ ਪ੍ਰਬੰਧ ਤੋਂ ਪਹਿਲਾਂ ਸੂਚਿਤ ਕੀਤੇ ਜਾਣ ਅਤੇ ਜਾਣਕਾਰੀ ਮਿਲਣ ਦਾ ਹੱਕ।

7. **ਜਨਤਕ ਕਾਰਵਾਈਆਂ ਦੀ ਜਾਣਕਾਰੀ ਅਤੇ ਹਾਜ਼ਰੀ**
   ਸਾਰੀਆਂ ਜਨਤਕ (ਪਬਲਿਕ) ਕਾਰਵਾਈਆਂ ਦੀ ਵਾਜਬ ਜਾਣਕਾਰੀ ਮਿਲਣ ਦਾ ਹੱਕ, ਜਿਨ੍ਹਾਂ ਵਿਚ ਨਾਬਾਲਗਾਂ ਵਲੋਂ ਜੁਰਮ ਨਾਲ ਸੰਬੰਧਤ ਕਾਰਵਾਈਆਂ ਦੀ ਜਾਣਕਾਰੀ ਵੀ ਸ਼ਾਮਲ ਹੈ, ਜਿੱਥੇ ਕਥਿਤ ਦੋਸ਼ੀ ਅਤੇ ਸਰਕਾਰੀ ਵਕੀਲ ਹਾਜ਼ਰ ਹੋਣ ਦੇ ਹੱਕਦਾਰ ਹਨ ਅਤੇ ਪੈਰੋਲ ਜਾਂ ਦੋਸ਼ ਸਿੱਧ ਹੋਣ ਤੋਂ ਬਾਅਦ ਰਿਹਾਈ ਦੀਆਂ ਕਾਰਵਾਈਆਂ ਦੀ ਜਾਣਕਾਰੀ ਮਿਲਣ ਅਤੇ ਅਜਿਹੀਆਂ ਸਾਰੀਆਂ ਕਾਰਵਾਈਆਂ ’ਤੇ ਹਾਜ਼ਰ ਹੋਣ ਦਾ ਹੱਕ।

8. **ਅਦਾਲਤ ਦੀਆਂ ਕਾਰਵਾਈਆਂ ਵਿਚ ਹਾਜ਼ਰੀ ਅਤੇ ਵਿਚਾਰਾਂ ਦਾ ਪ੍ਰਗਟਾ**
   ਮੰਗ ਕਰਨ ’ਤੇ ਕਿਸੇ ਵੀ ਕਾਨੂੰਨੀ ਕਾਰਵਾਈ ਵਿਖੇ ਸੁਣੇ ਜਾਣ ਦਾ ਹੱਕ, ਜਿਸ ਵਿਚ ਨਾਬਾਲਗਾਂ ਵਲੋਂ ਜੁਰਮ ਨਾਲ ਸੰਬੰਧਤ ਕਾਰਵਾਈ, ਗ੍ਰਿਫਤਾਰ ਕਰਨ ਤੋਂ ਬਾਅਦ ਰਿਹਾਅ ਕਰਨ ਬਾਰੇ ਕੋਈ ਫੈਸਲਾ, ਸਫਾਈ ਧਿਰ ਦਾ ਜੁਆਬ, ਸਜ਼ਾ, ਦੋਸ਼ ਸਿੱਧ ਹੋਣ ਤੋਂ ਬਾਅਦ ਰਿਹਾਈ ਦਾ ਫੈਸਲਾ, ਜਾਂ ਕੋਈ ਵੀ ਅਜਿਹੀ ਕਾਨੂੰਨੀ ਕਾਰਵਾਈ ਸ਼ਾਮਲ ਹੈ ਜਿਸ ਵਿਚ ਪੀੜਿਤ ਦੇ ਹੱਕ ਦਾ ਮਾਮਲਾ ਹੋਵੇ।

9. **ਜਲਦੀ ਮੁਕੱਦਮਾ ਅਤੇ ਕੇਸ ਦਾ ਤੁਰੰਤ ਨਿਰਨਾ**
   ਜਲਦੀ ਮੁਕੱਦਮੇ ਅਤੇ ਕੇਸ ਅਤੇ ਫੈਸਲੇ ਤੋਂ ਬਾਅਦ ਦੀਆਂ ਸੰਬੰਧਿਤ ਕਾਨੂੰਨੀ ਕਾਰਵਾਈਆਂ ਦੇ ਤੁਰੰਤ ਅਤੇ ਅੰਤਿਮ ਨਿਰਨੇ ਦਾ ਹੱਕ।

10. **ਪ੍ਰੋਬੇਸ਼ਨ ਡਿਪਾਰਟਮੈਂਟ ਨੂੰ ਜਾਣਕਾਰੀ ਦੇਣ ਦਾ ਪ੍ਰਬੰਧ**
    ਸਜ਼ਾ ਸੁਣਾਈ ਜਾਣ ਤੋਂ ਪਹਿਲਾਂ ਪੀੜਿਤ ਅਤੇ ਪੀੜਿਤ ਦੇ ਪਰਿਵਾਰ ਉੱਪਰ ਜੁਰਮ ਦੇ ਅਸਰ ਬਾਰੇ ਜਾਂਚ ਕਰ ਰਹੇ ਪ੍ਰੋਬੇਸ਼ਨ ਡਿਪਾਰਟਮੈਂਟ ਦੇ ਅਫਸਰ ਨੂੰ ਜਾਣਕਾਰੀ ਦੇਣ ਅਤੇ ਕਥਿਤ ਦੋਸ਼ੀ ਦੀ ਸਜ਼ਾ ਤੋਂ ਪਹਿਲਾਂ ਸਜ਼ਾ ਬਾਰੇ ਸਿਫਾਰਸ਼ਾਂ ਕਰਨ ਦਾ ਹੱਕ।

11. **ਸਜ਼ਾ ਤੋਂ ਪਹਿਲਾਂ ਦੀ ਰਿਪੋਰਟ ਲੈਣਾ**
    ਸਜ਼ਾ ਤੋਂ ਪਹਿਲਾਂ ਦੀ ਰਿਪੋਰਟ ਜਦੋਂ ਕਥਿਤ ਦੋਸ਼ੀ ਲਈ ਉਪਲਬਧ ਹੋਵੇ, ਮੰਗਣ ’ਤੇ ਮਿਲਣ ਦਾ ਹੱਕ, ਉਨ੍ਹਾਂ ਹਿੱਸਿਆਂ ਤੋਂ ਬਿਨਾਂ ਜਿਹੜੇ ਕਾਨੂੰਨ ਮੁਤਾਬਕ ਗੁਪਤ ਰੱਖੇ ਗਏ ਹਨ।

12. **ਦੋਸ਼ ਸਿੱਧ ਹੋਣ, ਸਜ਼ਾ, ਕੈਦ, ਰਿਹਾਈ, ਅਤੇ ਫਰਾਰ ਹੋਣ ਬਾਰੇ ਜਾਣਕਾਰੀ**
    ਮੰਗਣ ’ਤੇ, ਦੋਸ਼ ਸਿੱਧ ਹੋਣ, ਸਜ਼ਾ, ਕੈਦ ਦੇ ਸਥਾਨ ਅਤੇ ਸਮੇਂ, ਜਾਂ ਕਥਿਤ ਦੋਸ਼ੀ ਬਾਰੇ ਹੋਰ ਪ੍ਰਬੰਧਾਂ, ਕਥਿਤ ਦੋਸ਼ੀ ਦੀ ਰਿਹਾਈ ਦੀ ਮਿੱਥੀ ਤਾਰੀਕ, ਅਤੇ ਹਿਰਾਸਤ ਵਿੱਚੋਂ ਕਥਿਤ ਦੋਸ਼ੀ ਦੀ ਰਿਹਾਈ ਜਾਂ ਫਰਾਰੀ ਬਾਰੇ ਜਾਣਕਾਰੀ ਮਿਲਣ ਦਾ ਹੱਕ।

13. **ਮੁਆਵਜ਼ਾ**
    A. ਕੈਲੇਫੋਰਨੀਆ ਸਟੇਟ ਦੇ ਲੋਕਾਂ ਦਾ ਇਹ ਸਪਸ਼ਟ ਇਰਾਦਾ ਹੈ ਕਿ ਕਿਸੇ ਮੁਜਰਮਾਨਾ ਕਾਰਵਾਈ ਦੇ ਨਤੀਜੇ ਵਜੋਂ ਜਿਨ੍ਹਾਂ ਵਿਅਕਤੀਆਂ ਦਾ ਨੁਕਸਾਨ ਹੁੰਦਾ ਹੈ, ਉਨ੍ਹਾਂ ਵਿਅਕਤੀਆਂ ਨੂੰ ਉਨ੍ਹਾਂ ਦੇ ਨੁਕਸਾਨ ਦਾ ਕਾਰਨ ਬਣਨ ਵਾਲੇ ਜੁਰਮਾਂ ਲਈ ਦੋਸ਼ੀ ਸਿੱਧੇ ਹੋਏ ਵਿਅਕਤੀਆਂ ਤੋਂ ਮੁਆਵਜ਼ਾ ਮੰਗਣ ਅਤੇ ਹਾਸਲ ਕਰਨ ਦਾ ਹੱਕ ਹੈ।

    B. ਦੋਸ਼ੀ ਸਿੱਧ ਹੋਏ ਅਪਰਾਧੀ ਤੋਂ ਮੁਆਵਜ਼ੇ ਦਾ ਆਰਡਰ ਹਰ ਉਸ ਕੇਸ ਵਿਚ ਕੀਤਾ ਜਾਵੇਗਾ, ਜਿਸ ਵਿਚ ਜੁਰਮ ਤੋਂ ਪੀੜਿਤ ਵਿਅਕਤੀ ਦਾ ਨੁਕਸਾਨ ਹੋਇਆ ਹੈ, ਦਿੱਤੀ ਗਈ ਸਜ਼ਾ ਜਾਂ ਕੀਤਾ ਗਿਆ ਪ੍ਰਬੰਧ ਭਾਵੇਂ ਕੋਈ ਵੀ ਹੋਵੇ।

    C. ਜਿਸ ਵਿਅਕਤੀ ਨੂੰ ਮੁਆਵਜ਼ਾ ਦੇਣ ਦਾ ਆਰਡਰ ਕੀਤਾ ਗਿਆ ਹੈ, ਉਸ ਤੋਂ ਲਈਆਂ ਗਈਆਂ ਪੈਸੇ ਦੀਆਂ ਸਾਰੀਆਂ ਅਦਾਇਗੀਆਂ, ਪੈਸੇ, ਅਤੇ ਉਗਰਾਹੀ ਗਈ ਜਾਇਦਾਦ, ਪਹਿਲਾਂ ਪੀੜਿਤ ਵਿਅਕਤੀ ਨੂੰ ਮੁਆਵਜ਼ੇ ਦੀ ਆਰਡਰ ਕੀਤੀ ਗਈ ਰਕਮ ਦਾ ਭੁਗਤਾਨ ਕਰਨ ਲਈ ਵਰਤੀ ਜਾਵੇਗੀ।

14. **ਜਾਇਦਾਦ ਦੀ ਤੁਰੰਤ ਵਾਪਸੀ**
    ਜਾਇਦਾਦ ਦੀ ਤੁਰੰਤ ਵਾਪਸੀ ਦਾ ਹੱਕ ਜਦੋਂ ਇਸ ਦੀ ਸਬੂਤ ਵਜੋਂ ਲੋੜ ਨਾ ਰਹੇ।

Punjabi

**15. ਪੈਰੋਲ ਦੀਆਂ ਕਾਰਵਾਈਆਂ ਅਤੇ ਪੈਰੋਲ ’ਤੇ ਰਿਹਾਈ ਦਾ ਨੋਟਿਸ**

ਪੈਰੋਲ ਦੀਆਂ ਸਾਰੀਆਂ ਕਾਰਵਾਈਆਂ ਬਾਰੇ ਜਾਣਕਾਰੀ ਦਿੱਤੇ ਜਾਣ ਦਾ ਹੱਕ, ਪੈਰੋਲ ਦੀ ਕਾਰਵਾਈ ਵਿਚ ਹਿੱਸਾ ਲੈਣ, ਅਪਰਾਧੀ ਦੀ ਪੈਰੋਲ ਤੋਂ ਪਹਿਲਾਂ ਪੈਰੋਲ ਅਧਿਕਾਰੀ ਨੂੰ ਵਿਚਾਰ ਕਰਨ ਲਈ ਜਾਣਕਾਰੀ ਦੇਣ ਦਾ ਹੱਕ, ਅਤੇ ਮੰਗ ਕਰਨ ’ਤੇ ਅਪਰਾਧੀ ਦੀ ਪੈਰੋਲ ਜਾਂ ਹੋਰ ਰਿਹਾਈ ਬਾਰੇ ਜਾਣਕਾਰੀ ਮਿਲਣ ਦਾ ਹੱਕ।

**16. ਪੈਰੋਲ ’ਤੇ ਰਿਹਾਈ ਵਿਚ ਪੀੜਤ ਅਤੇ ਪਬਲਿਕ ਦੀ ਸੇਫਟੀ ਗੌਰ–ਕਰਨਯੋਗ ਪੱਖ ਹਨ**

ਪੈਰੋਲ ਬਾਰੇ ਕੋਈ ਫੈਸਲਾ ਕਰਨ ਜਾਂ ਫੈਸਲੇ ਤੋਂ ਬਾਅਦ ਰਿਹਾਈ ਦਾ ਫੈਸਲਾ ਕਰਨ ਤੋਂ ਪਹਿਲਾਂ, ਪੀੜਤ, ਪੀੜਤ ਦੇ ਪਰਿਵਾਰ ਅਤੇ ਆਮ ਪਬਲਿਕ ਦੀ ਸੁਰੱਖਿਆ ’ਤੇ ਗੌਰ ਕਰਨ ਦਾ ਹੱਕ।

**17. ਇਨ੍ਹਾਂ 16 ਹੱਕਾਂ ਬਾਰੇ ਜਾਣਕਾਰੀ**

ਪੈਰਿਆਂ (1) ਤੋਂ (16) ਵਿਚ ਦੱਸੇ ਗਏ ਹੱਕਾਂ ਬਾਰੇ ਜਾਣਕਾਰੀ ਮਿਲਣ ਦਾ ਹੱਕ।

**ਅਟਾਰਨੀ ਜਨਰਲ ਦਾ ਵਿਕਟਿਮਜ਼ ਸਰਵਿਸਿਜ਼ ਯੂਨਿਟ** – ਜੁਰਮ ਤੋਂ ਪੀੜਤ ਲੋਕਾਂ ਨੂੰ ਸਥਾਨਕ ਪੱਧਰ ’ਤੇ ਪੀੜਤ/ਗਵਾਹ ਨੂੰ ਜਾਣਕਾਰੀ, ਇਲਾਕੇ ਵਿਚਲੇ ਜਾਣਕਾਰੀ ਦੇ ਵਸੀਲਿਆਂ ਅਤੇ ਅਪੀਲ ਦੀ ਸਥਿਤੀ ਬਾਰੇ ਜਾਣਕਾਰੀ ਪ੍ਰਦਾਨ ਕਰਦਾ ਹੈ। ਆਪਣੇ ਨੇੜੇ ਦੇ ਵਿਕਟਿਮ ਵਿਟਨੈੱਸ ਅਸਿਸਟੈਂਸ ਸੈਂਟਰ ਦੇ ਵਸੀਲਿਆਂ ਬਾਰੇ ਜਾਣਕਾਰੀ ਲੈਣ ਲਈ ਜਾਂ ਅਪੀਲ ਦੀ ਸਥਿਤੀ ਬਾਰੇ ਇਤਲਾਹ ਮਿਲਣ ਦੀ ਬੇਨਤੀ ਕਰਨ ਲਈ **1-877-433-9069** ’ਤੇ ਫੋਨ ਕਰੋ। Marsy ਦੇ ਕਾਨੂੰਨ ਬਾਰੇ ਜ਼ਿਆਦਾ ਜਾਣਕਾਰੀ ਲਈ, ਅਟਾਰਨੀ ਜਨਰਲ ਦਾ ਵੈੱਬਸਾਈਟ ਦੇਖੋ:

www.ag.ca.gov/victimservices

***************************************************

## ਹੋਰ ਵਸੀਲੇ

*ਅਟਾਰਨੀ ਜਨਰਲ ਇਨ੍ਹਾਂ ਸੰਸਥਾਵਾਂ ਅਤੇ ਏਜੰਸੀਆਂ ਦੇ ਵਿਚਾਰਾਂ, ਸੇਵਾਵਾਂ, ਅਤੇ ਜਾਣਕਾਰੀ ਦਾ ਸਮਰਥਨ ਨਹੀਂ ਕਰਦਾ ਅਤੇ ਨਾ ਹੀ ਇਸ ਦੀ ਇਨ੍ਹਾਂ ਪ੍ਰਤੀ ਕੋਈ ਜ਼ਿੰਮੇਵਾਰੀ ਜਾਂ ਇਨ੍ਹਾਂ ਉੱਪਰ ਕੋਈ ਕੰਟਰੋਲ ਹੈ।*

**ਵਿਕਟਮ ਕੰਪਨਸੇਸ਼ਨ (ਪੀੜਤਾਂ ਨੂੰ ਮੁਆਵਜਾ ਦੇਣ ਦਾ) ਪ੍ਰੋਗਰਾਮ** – ਇਨ੍ਹਾਂ ਚੀਜ਼ਾਂ ਦੇ ਸ਼ਿਕਾਰ ਹੋਇਆਂ ਦੀ ਮਦਦ ਕਰਦਾ ਹੈ: ਹਮਲਾ, ਸ਼ਰਾਬੀ ਹੋ ਕੇ ਗੱਡੀ ਚਲਾਉਣਾ, ਕਾਮੁਕ ਹਮਲਾ, ਬੱਚਿਆਂ ਨਾਲ ਬੁਰਾ ਵਰਤਾਉ, ਹੱਤਿਆ, ਪਿੱਛਾ ਕਰਨਾ, ਘਰੇਲੂ ਹਿੰਸਾ, ਲੁੱਟਮਾਰ, ਅਤੇ ਮਨੁੱਖੀ ਵਪਾਰ। ਵਿਕਟਮ ਕੰਪਨਸੇਸ਼ਨ ਇਨ੍ਹਾਂ ਚੀਜ਼ਾਂ ਲਈ ਅਦਾਇਗੀ ਕਰਨ ਵਿਚ ਤੁਹਾਡੀ ਮਦਦ ਕਰ ਸਕਦਾ ਹੈ: ਮਾਨਿਸਕ ਸਿਹਤ ਲਈ ਸਲਾਹ-ਮਸ਼ਵਰਾ, ਸੰਸਕਾਰ ਦਾ ਖਰਚਾ, ਆਮਦਨ ਦਾ ਨੁਕਸਾਨ, ਜੁਰਮ ਦੇ ਸਥਾਨ ਦੀ ਸਫਾਈ, ਮੁੜ–ਵਸੇਵਾ, ਇਲਾਜ ਅਤੇ ਦੰਦਾਂ ਦੇ ਇਲਾਜ ਦੇ ਬਿੱਲ। ਹੋਰ ਜਾਣਕਾਰੀ ਲਈ ਆਪਣੇ ਸਥਾਨਕ ਵਿਕਟਿਮ ਵਿਟਨੈੱਸ ਜਾਂ ਵਿਕਟਿਮ ਕੰਪਨਸੇਸ਼ਨ ਅਤੇ ਗਵਰਮੈਂਟ ਕਲੇਮਜ਼ ਬੋਰਡ ਨਾਲ ਸੰਪਰਕ ਕਰੋ: **1-800-777-9229**

www.vcgcb.ca.gov/victims

**ਸੀ ਏ ਡਿਪਾਰਟਮੈਂਟ ਆਫ ਕੋਰੈਕਸ਼ਨਜ਼ ਐਂਡ ਰੀਹੈਬਲੀਟੇਸ਼ਨ, ਆਫਿਸ ਆਫ ਵਿਕਟਿਮ ਐਂਡ ਸਰਵਾਈਵਰ ਰਾਈਟਸ ਐਂਡ ਸਰਵਿਸਿਜ਼** – ਅਪਰਾਧੀ ਦੀ ਰਿਹਾਈ, ਬਹਾਲੀ, ਪੈਰੋਲ ਦੀਆਂ ਸ਼ਰਤਾਂ ਅਤੇ ਪੈਰੋਲ ਦੀਆਂ ਸੁਣਵਾਈਆਂ ਬਾਰੇ ਜਾਣਕਾਰੀ ਦਿੰਦਾ ਹੈ ਜਦੋਂ ਅਪਰਾਧੀ ਨੂੰ ਜੇਲ੍ਹ ਵਿਚ ਕੈਦ ਕੀਤਾ ਗਿਆ ਹੁੰਦਾ ਹੈ।

**1-877-256-6877** www.cdcr.ca.gov/victim_services

**ਮੈਕਜੌਰਜ ਸਕੂਲ ਆਫ ਲਾਅ – ਵਿਕਟਿਮ ਆਫ ਕਰਾਇਮ ਰੀਸੋਰਸ ਸੈਂਟਰ** – ਪੀੜਤਾਂ ਨੂੰ ਆਪਣੇ ਭੂਗੋਲਿਕ ਏਰੀਏ ਵਿਚ ਵਸੀਲੇ ਪ੍ਰਦਾਨ ਕਰਨ ਦੇ ਨਾਲ ਨਾਲ, ਬਹਾਲੀ, ਦਿਵਾਨੀ (ਸਿਵਲ) ਮੁਕੱਦਮਿਆਂ, ਘਰੇਲੂ ਹਿੰਸਾ, ਬਜ਼ੁਰਗਾਂ ਨਾਲ ਬੁਰਾ ਵਰਤਾਉ, ਬੱਚਿਆਂ ਨਾਲ ਬੁਰਾ ਵਰਤਾਉ, ਅਪਾਹਜਾਂ ਨਾਲ ਬੁਰਾ ਵਰਤਾਉ, ਪੀੜਤਾਂ ਦੇ ਹੱਕ ਅਤੇ ਮੁਆਵਜ਼ੇ ਬਾਰੇ ਜਾਣਕਾਰੀ ਪ੍ਰਦਾਨ ਕਰਦਾ ਹੈ। **1-800-Victims** www.1800victims.org

**ਨੈਸ਼ਨਲ ਡੋਮਿਸਟਿਕ ਵਾਇਲੈਂਸ ਹੌਟਲਾਈਨ** – ਘਰੇਲੂ ਹਿੰਸਾ ਦੇ ਸ਼ਿਕਾਰਾਂ ਲਈ 24 ਘੰਟੇ ਖੁਲ੍ਹੀ ਰਹਿਣ ਵਾਲੀ ਹੌਟਲਾਈਨ।

**1-800-799-SAFE** **TTY: 1-800-787-3224** www.ndvh.org

**ਅਡੱਲਟ ਪ੍ਰੋਟੈਕਟਿਵ ਸਰਵਿਸਿਜ਼ ਕਾਉਂਟੀ ਕੌਨਟੈਕਟ ਇਨਫਰਮੇਸ਼ਨ** (ਬਜ਼ੁਰਗਾਂ ਨਾਲ ਬੁਰਾ ਵਰਤਾਉ) – ਇਹ ਵੈੱਬਸਾਈਟ ਕੈਲੇਫੋਰਨੀਆ ਵਿਚਲੀ ਹਰ ਕਾਉਂਟੀ ਦੇ 24 ਘੰਟੇ ਖੁਲ੍ਹੇ ਰਹਿਣ ਵਾਲੇ ਹੌਟਲਾਈਨ ਨੰਬਰਾਂ ਦੀ ਲਿਸਟ ਦਿੰਦਾ ਹੈ।

www.cdss.ca.gov/agedblinddisabled/PG2300.htm

**ਨੈਸ਼ਨਲ ਚਾਇਲਡ ਅਬਿਊਜ਼ ਹੌਟਲਾਈਨ** – ਬੱਚਿਆਂ ਨਾਲ ਬੁਰੇ ਵਰਤਾਉ ਦਾ ਇਲਾਜ ਅਤੇ ਰੋਕਥਾਮ।

**1-800-4-A-CHILD** www.childhelp.org/pages/hotline-services

**ਰੇਪ, ਅਬਿਊਜ਼ ਐਂਡ ਇਨਸੈੱਸਟ ਨੈਸ਼ਨਲ ਨੈੱਟਵਰਕ ਹੌਟਲਾਈਨ** – ਕਾਮੁਕ ਹਮਲੇ ਦੇ ਸ਼ਿਕਾਰਾਂ ਨੂੰ ਮੁਫਤ ਅਤੇ ਗੁਪਤ ਸੇਵਾਵਾਂ ਪ੍ਰਦਾਨ ਕਰਦੀ ਹੈ। **1-800-656-HOPE** www.rainn.org

**ਨੈਸ਼ਨਲ ਹਿਊਮਨ ਟਰੈਫਿਕਿੰਗ ਰੀਸੋਰਸ ਸੈਂਟਰ ਹੌਟਲਾਈਨ** – ਭੇਦ ਦੇਣ ਲਈ, ਮਨੁੱਖੀ ਵਪਾਰ ਵਿਰੋਧੀ ਸਥਾਨਕ ਸੇਵਾਵਾਂ ਨਾਲ ਸੰਪਰਕ ਕਰਨ ਲਈ ਅਤੇ ਜਾਣਕਾਰੀ ਮੰਗਣ ਲਈ 24 ਘੰਟੇ ਖੁਲ੍ਹੀ ਰਹਿਣ ਵਾਲੀ ਹੌਟਲਾਈਨ।

**1-888-373-7888** www.traffickingresourcecenter.org

**ਕੈਲੇਫੋਰਨੀਆ ਰਿਲੇਅ ਸਰਵਿਸ:** ਗੂੰਗੇ, ਬੋਲੇ ਜਾਂ ਉੱਚਾ ਸੁਣਨ ਵਾਲੇ ਲੋਕਾਂ ਲਈ: **ਡਾਇਲ ਕਰੋ 711। ਅੰਗਰੇਜ਼ੀ ਵਿਚ ਆਵਾਜ਼ ਲਈ ਟੀ ਟੀ ਵਾਈ/ਐੱਚ ਸੀ ਓ/ਵੀ ਸੀ ਓ:** 1-800-735-2929 **ਅਤੇ ਸਪੈਨਿਸ਼ ਲਈ:** 1-800-855-3000। **ਅੰਗਰੇਜ਼ੀ ਵਿਚ ਆਵਾਜ਼ ਲਈ ਟੀ ਟੀ ਵਾਈ/ਐੱਚ ਸੀ ਓ/ਵੀ ਸੀ ਓ:** 1-800-735-2922 **ਅਤੇ ਸਪੈਨਿਸ਼ ਲਈ:** 1-800-855-3000। **ਸਪੀਚ ਤੋਂ ਜਾਂ ਸਪੀਚ ਲਈ – ਅੰਗਰੇਜ਼ੀ ਅਤੇ ਸਪੈਨਿਸ਼:** 1-800-854-7784।

**************************************************

*ਕੈਲੇਫੋਰਨੀਆ ਦੇ ਸੰਵਿਧਾਨ ਅਧੀਨ ‘ਵਿਕਟਿਮ’ ਤੋਂ ਭਾਵ “ਉਹ ਵਿਅਕਤੀ ਹੈ ਜਿਸ ਨੂੰ ਕਿਸੇ ਜੁਰਮ ਜਾਂ ਜੁਰਮ ਦੇ ਯਤਨ ਜਾਂ ਅਪਰਾਧੀ ਕਾਰਵਾਈ ਦੇ ਨਤੀਜੇ ਵਜੋਂ ਸਿੱਧਾ ਸਰੀਰਕ, ਮਨੋਵਿਗਿਆਨਕ, ਜਾਂ ਮਾਇਕ ਨੁਕਸਾਨ ਹੋਇਆ ਹੈ ਜਾਂ ਇਹ ਨੁਕਸਾਨ ਕਰਨ ਦੀ ਧਮਕੀ ਦਿੱਤੀ ਗਈ ਹੈ। ਸ਼ਬਦ ‘ਵਿਕਟਿਮ’ (ਪੀੜਤ) ਵਿਚ ਵਿਅਕਤੀ ਦਾ ਪਤੀ/ਪਤਨੀ, ਮਾਪੇ, ਬੱਚੇ, ਭੈਣ–ਭਰਾ, ਜਾਂ ਗਾਰਡੀਅਨ ਵੀ ਸ਼ਾਮਲ ਹਨ, ਅਤੇ ਇਸ ਵਿਚ ਜੁਰਮ ਤੋਂ ਪੀੜਤ ਉਸ ਵਿਅਕਤੀ ਦਾ ਹੱਕੀ ਪ੍ਰਤੀਨਿਧ ਵੀ ਸ਼ਾਮਲ ਹੈ ਜਿਸ ਦੀ ਮੌਤ ਹੋ ਗਈ ਹੈ, ਬੱਚਾ ਵੀ ਸ਼ਾਮਲ ਹੈ ਜਾਂ ਸਰੀਰਕ ਜਾਂ ਮਨੋਵਿਗਿਆਨਕ ਤੌਰ ’ਤੇ ਅਯੋਗ ਵਿਅਕਤੀ ਵੀ ਸ਼ਾਮਲ ਹੈ। ਸ਼ਬਦ ‘ਵਿਕਟਿਮ’ ਉਸ ਵਿਅਕਤੀ ਨੂੰ ਸ਼ਾਮਲ ਨਹੀਂ ਕਰਦਾ ਜੋ ਕਿਸੇ ਜੁਰਮ ਲਈ ਹਿਰਾਸਤ ਵਿਚ ਹੈ, ਕਥਿਤ ਦੋਸ਼ੀ ਹੈ, ਜਾਂ ਅਜਿਹਾ ਵਿਅਕਤੀ ਹੈ ਜਿਸ ਬਾਰੇ ਅਦਾਲਤ ਸਮਝਦੀ ਹੈ ਕਿ ਉਹ ਨਾਬਾਲਗ ਪੀੜਤ ਦੇ ਬਿਹਤਰ ਹਿੱਤਾਂ ਵਿਚ ਕੰਮ ਨਹੀਂ ਕਰੇਗਾ।” (ਕੈਲੇਫੋਰਨੀਆ ਦੇ ਸੰਵਿਧਾਨ ਦਾ ਆਰਟੀਕਲ I, ਸੈਕਸ਼ਨ 28(e))*

*ਪੀੜਤ, ਪੀੜਤ ਵਲੋਂ ਕੀਤਾ ਗਿਆ ਵਕੀਲ, ਪੀੜਤ ਦਾ ਕੋਈ ਹੱਕੀ ਪ੍ਰਤੀਨਿਧ, ਜਾਂ ਮੁਕੱਦਮੇ ਦੀ ਪੈਰਵੀ ਕਰ ਰਿਹਾ ਵਕੀਲ, ਪੀੜਤ ਦੀ ਬੇਨਤੀ ’ਤੇ ਕਿਸੇ ਵੀ ਮੁਕੱਦਮੇ ਵਿਚ ਜਾਂ ਅਪੀਲ ਕੋਰਟ ਵਿਚ ਹੱਕ ਵਜੋਂ ਉਪਰ ਲਿਖੇ ਹੱਕ ਲਾਗੂ ਕਰਵਾ ਸਕਦੇ ਹਨ। ਅਦਾਲਤ ਅਜਿਹੀ ਕਿਸੇ ਵੀ ਬੇਨਤੀ ’ਤੇ ਝਟਪਟ ਕਾਰਵਾਈ ਕਰੇਗੀ। (ਕੈਲੇਫੋਰਨੀਆ ਦੇ ਸੰਵਿਧਾਨ ਦਾ ਆਰਟੀਕਲ I, ਸੈਕਸ਼ਨ 28(c)(1))*

**ਵਿਕਟਿਮਜ਼ ਸਰਵਿਸਿਜ਼ ਯੂਨਿਟ, ਜੂਨ 2012**

Funding is made possible through the United States Department of Justice, Victims of Crime Act, 2011-VW-GX-0028

**15. ਪੈਰੋਲ ਦੀਆਂ ਕਾਰਵਾਈਆਂ ਅਤੇ ਪੈਰੋਲ ’ਤੇ ਰਿਹਾਈ ਦਾ ਨੋਟਿਸ**

ਪੈਰੋਲ ਦੀਆਂ ਸਾਰੀਆਂ ਕਾਰਵਾਈਆਂ ਬਾਰੇ ਜਾਣਕਾਰੀ ਦਿੱਤੇ ਜਾਣ ਦਾ ਹੱਕ, ਪੈਰੋਲ ਦੀ ਕਾਰਵਾਈ ਵਿਚ ਹਿੱਸਾ ਲੈਣ, ਅਪਰਾਧੀ ਦੀ ਪੈਰੋਲ ਤੋਂ ਪਹਿਲਾਂ ਪੈਰੋਲ ਅਧਿਕਾਰੀ ਨੂੰ ਵਿਚਾਰ ਕਰਨ ਲਈ ਜਾਣਕਾਰੀ ਦੇਣ ਦਾ ਹੱਕ, ਅਤੇ ਮੰਗ ਕਰਨ ’ਤੇ ਅਪਰਾਧੀ ਦੀ ਪੈਰੋਲ ਜਾਂ ਹੋਰ ਰਿਹਾਈ ਬਾਰੇ ਜਾਣਕਾਰੀ ਮਿਲਣ ਦਾ ਹੱਕ।

**16. ਪੈਰੋਲ ’ਤੇ ਰਿਹਾਈ ਵਿਚ ਪੀੜਤ ਅਤੇ ਪਬਲਿਕ ਦੀ ਸੇਫਟੀ ਗੌਰ–ਕਰਨਯੋਗ ਪੱਖ ਹਨ**

ਪੈਰੋਲ ਬਾਰੇ ਕੋਈ ਫੈਸਲਾ ਕਰਨ ਜਾਂ ਫੈਸਲੇ ਤੋਂ ਬਾਅਦ ਰਿਹਾਈ ਦਾ ਫੈਸਲਾ ਕਰਨ ਤੋਂ ਪਹਿਲਾਂ, ਪੀੜਤ, ਪੀੜਤ ਦੇ ਪਰਿਵਾਰ ਅਤੇ ਆਮ ਪਬਲਿਕ ਦੀ ਸੁਰੱਖਿਆ ’ਤੇ ਗੌਰ ਕਰਨ ਦਾ ਹੱਕ।

**17. ਇਨ੍ਹਾਂ 16 ਹੱਕਾਂ ਬਾਰੇ ਜਾਣਕਾਰੀ**

ਪੈਰਿਆਂ (1) ਤੋਂ (16) ਵਿਚ ਦੱਸੇ ਗਏ ਹੱਕਾਂ ਬਾਰੇ ਜਾਣਕਾਰੀ ਮਿਲਣ ਦਾ ਹੱਕ।

**ਅਟਾਰਨੀ ਜਨਰਲ ਦਾ ਵਿਕਟਿਮਜ਼ ਸਰਵਿਸਿਜ਼ ਯੂਨਿਟ** – ਜੁਰਮ ਤੋਂ ਪੀੜਤ ਲੋਕਾਂ ਨੂੰ ਸਥਾਨਕ ਪੱਧਰ ’ਤੇ ਪੀੜਤ/ਗਵਾਹ ਨੂੰ ਜਾਣਕਾਰੀ, ਇਲਾਕੇ ਵਿਚਲੇ ਜਾਣਕਾਰੀ ਦੇ ਵਸੀਲਿਆਂ ਅਤੇ ਅਪੀਲ ਦੀ ਸਥਿਤੀ ਬਾਰੇ ਜਾਣਕਾਰੀ ਪ੍ਰਦਾਨ ਕਰਦਾ ਹੈ। ਆਪਣੇ ਨੇੜੇ ਦੇ ਵਿਕਟਿਮ ਵਿਟਨੈੱਸ ਅਸਿਸਟੈਂਸ ਸੈਂਟਰ ਦੇ ਵਸੀਲਿਆਂ ਬਾਰੇ ਜਾਣਕਾਰੀ ਲੈਣ ਲਈ ਜਾਂ ਅਪੀਲ ਦੀ ਸਥਿਤੀ ਬਾਰੇ ਇਤਲਾਹ ਮਿਲਣ ਦੀ ਬੇਨਤੀ ਕਰਨ ਲਈ **1-877-433-9069** ’ਤੇ ਫੋਨ ਕਰੋ। Marsy ਦੇ ਕਾਨੂੰਨ ਬਾਰੇ ਜ਼ਿਆਦਾ ਜਾਣਕਾਰੀ ਲਈ, ਅਟਾਰਨੀ ਜਨਰਲ ਦਾ ਵੈੱਬਸਾਈਟ ਦੇਖੋ:

www.ag.ca.gov/victimservices

***************************************************

## ਹੋਰ ਵਸੀਲੇ

*ਅਟਾਰਨੀ ਜਨਰਲ ਇਨ੍ਹਾਂ ਸੰਸਥਾਵਾਂ ਅਤੇ ਏਜੰਸੀਆਂ ਦੇ ਵਿਚਾਰਾਂ, ਸੇਵਾਵਾਂ, ਅਤੇ ਜਾਣਕਾਰੀ ਦਾ ਸਮਰਥਨ ਨਹੀਂ ਕਰਦਾ ਅਤੇ ਨਾ ਹੀ ਇਸ ਦੀ ਇਨ੍ਹਾਂ ਪ੍ਰਤੀ ਕੋਈ ਜ਼ਿੰਮੇਵਾਰੀ ਜਾਂ ਇਨ੍ਹਾਂ ਉੱਪਰ ਕੋਈ ਕੰਟਰੋਲ ਹੈ।*

**ਵਿਕਟਮ ਕੰਪਨਸੇਸ਼ਨ (ਪੀੜਤਾਂ ਨੂੰ ਮੁਆਵਜਾ ਦੇਣ ਦਾ) ਪ੍ਰੋਗਰਾਮ** – ਇਨ੍ਹਾਂ ਚੀਜ਼ਾਂ ਦੇ ਸ਼ਿਕਾਰ ਹੋਇਆਂ ਦੀ ਮਦਦ ਕਰਦਾ ਹੈ: ਹਮਲਾ, ਸ਼ਰਾਬੀ ਹੋ ਕੇ ਗੱਡੀ ਚਲਾਉਣਾ, ਕਾਮੁਕ ਹਮਲਾ, ਬੱਚਿਆਂ ਨਾਲ ਬੁਰਾ ਵਰਤਾਉ, ਹੱਤਿਆ, ਪਿੱਛਾ ਕਰਨਾ, ਘਰੇਲੂ ਹਿੰਸਾ, ਲੁੱਟਮਾਰ, ਅਤੇ ਮਨੁੱਖੀ ਵਪਾਰ। ਵਿਕਟਮ ਕੰਪਨਸੇਸ਼ਨ ਇਨ੍ਹਾਂ ਚੀਜ਼ਾਂ ਲਈ ਅਦਾਇਗੀ ਕਰਨ ਵਿਚ ਤੁਹਾਡੀ ਮਦਦ ਕਰ ਸਕਦਾ ਹੈ: ਮਾਨਿਸਕ ਸਿਹਤ ਲਈ ਸਲਾਹ-ਮਸ਼ਵਰਾ, ਸੰਸਕਾਰ ਦਾ ਖਰਚਾ, ਆਮਦਨ ਦਾ ਨੁਕਸਾਨ, ਜੁਰਮ ਦੇ ਸਥਾਨ ਦੀ ਸਫਾਈ, ਮੁੜ–ਵਸੇਵਾ, ਇਲਾਜ ਅਤੇ ਦੰਦਾਂ ਦੇ ਇਲਾਜ ਦੇ ਬਿੱਲ। ਹੋਰ ਜਾਣਕਾਰੀ ਲਈ ਆਪਣੇ ਸਥਾਨਕ ਵਿਕਟਿਮ ਵਿਟਨੈੱਸ ਜਾਂ ਵਿਕਟਿਮ ਕੰਪਨਸੇਸ਼ਨ ਅਤੇ ਗਵਰਮੈਂਟ ਕਲੇਮਜ਼ ਬੋਰਡ ਨਾਲ ਸੰਪਰਕ ਕਰੋ: **1-800-777-9229**

www.vcgcb.ca.gov/victims

**ਸੀ ਏ ਡਿਪਾਰਟਮੈਂਟ ਆਫ ਕੋਰੈਕਸ਼ਨਜ਼ ਐਂਡ ਰੀਹੈਬਲੀਟੇਸ਼ਨ, ਆਫਿਸ ਆਫ ਵਿਕਟਿਮ ਐਂਡ ਸਰਵਾਈਵਰ ਰਾਈਟਸ ਐਂਡ ਸਰਵਿਸਿਜ਼** – ਅਪਰਾਧੀ ਦੀ ਰਿਹਾਈ, ਬਹਾਲੀ, ਪੈਰੋਲ ਦੀਆਂ ਸ਼ਰਤਾਂ ਅਤੇ ਪੈਰੋਲ ਦੀਆਂ ਸੁਣਵਾਈਆਂ ਬਾਰੇ ਜਾਣਕਾਰੀ ਦਿੰਦਾ ਹੈ ਜਦੋਂ ਅਪਰਾਧੀ ਨੂੰ ਜੇਲ੍ਹ ਵਿਚ ਕੈਦ ਕੀਤਾ ਗਿਆ ਹੁੰਦਾ ਹੈ।

**1-877-256-6877** www.cdcr.ca.gov/victim_services

**ਮੈਕਜੌਰਜ ਸਕੂਲ ਆਫ ਲਾਅ – ਵਿਕਟਿਮ ਆਫ ਕਰਾਇਮ ਰੀਸੋਰਸ ਸੈਂਟਰ** – ਪੀੜਤਾਂ ਨੂੰ ਆਪਣੇ ਭੂਗੋਲਿਕ ਏਰੀਏ ਵਿਚ ਵਸੀਲੇ ਪ੍ਰਦਾਨ ਕਰਨ ਦੇ ਨਾਲ ਨਾਲ, ਬਹਾਲੀ, ਦਿਵਾਨੀ (ਸਿਵਲ) ਮੁਕੱਦਮਿਆਂ, ਘਰੇਲੂ ਹਿੰਸਾ, ਬਜ਼ੁਰਗਾਂ ਨਾਲ ਬੁਰਾ ਵਰਤਾਉ, ਬੱਚਿਆਂ ਨਾਲ ਬੁਰਾ ਵਰਤਾਉ, ਅਪਾਹਜਾਂ ਨਾਲ ਬੁਰਾ ਵਰਤਾਉ, ਪੀੜਤਾਂ ਦੇ ਹੱਕ ਅਤੇ ਮੁਆਵਜ਼ੇ ਬਾਰੇ ਜਾਣਕਾਰੀ ਪ੍ਰਦਾਨ ਕਰਦਾ ਹੈ। **1-800-Victims** www.1800victims.org

**ਨੈਸ਼ਨਲ ਡੋਮਿਸਟਿਕ ਵਾਇਲੈਂਸ ਹੌਟਲਾਈਨ** – ਘਰੇਲੂ ਹਿੰਸਾ ਦੇ ਸ਼ਿਕਾਰਾਂ ਲਈ 24 ਘੰਟੇ ਖੁਲ੍ਹੀ ਰਹਿਣ ਵਾਲੀ ਹੌਟਲਾਈਨ।

**1-800-799-SAFE** **TTY: 1-800-787-3224** www.ndvh.org

**ਅਡੱਲਟ ਪ੍ਰੋਟੈਕਟਿਵ ਸਰਵਿਸਿਜ਼ ਕਾਉਂਟੀ ਕੌਨਟੈਕਟ ਇਨਫਰਮੇਸ਼ਨ** (ਬਜ਼ੁਰਗਾਂ ਨਾਲ ਬੁਰਾ ਵਰਤਾਉ) – ਇਹ ਵੈੱਬਸਾਈਟ ਕੈਲੇਫੋਰਨੀਆ ਵਿਚਲੀ ਹਰ ਕਾਉਂਟੀ ਦੇ 24 ਘੰਟੇ ਖੁਲ੍ਹੇ ਰਹਿਣ ਵਾਲੇ ਹੌਟਲਾਈਨ ਨੰਬਰਾਂ ਦੀ ਲਿਸਟ ਦਿੰਦਾ ਹੈ।

www.cdss.ca.gov/agedblinddisabled/PG2300.htm

**ਨੈਸ਼ਨਲ ਚਾਇਲਡ ਅਬਿਊਜ਼ ਹੌਟਲਾਈਨ** – ਬੱਚਿਆਂ ਨਾਲ ਬੁਰੇ ਵਰਤਾਉ ਦਾ ਇਲਾਜ ਅਤੇ ਰੋਕਥਾਮ।

**1-800-4-A-CHILD** www.childhelp.org/pages/hotline-services

**ਰੇਪ, ਅਬਿਊਜ਼ ਐਂਡ ਇਨਸੈੱਸਟ ਨੈਸ਼ਨਲ ਨੈੱਟਵਰਕ ਹੌਟਲਾਈਨ** – ਕਾਮੁਕ ਹਮਲੇ ਦੇ ਸ਼ਿਕਾਰਾਂ ਨੂੰ ਮੁਫਤ ਅਤੇ ਗੁਪਤ ਸੇਵਾਵਾਂ ਪ੍ਰਦਾਨ ਕਰਦੀ ਹੈ। **1-800-656-HOPE** www.rainn.org

**ਨੈਸ਼ਨਲ ਹਿਊਮਨ ਟਰੈਫਿਕਿੰਗ ਰੀਸੋਰਸ ਸੈਂਟਰ ਹੌਟਲਾਈਨ** – ਭੇਦ ਦੇਣ ਲਈ, ਮਨੁੱਖੀ ਵਪਾਰ ਵਿਰੋਧੀ ਸਥਾਨਕ ਸੇਵਾਵਾਂ ਨਾਲ ਸੰਪਰਕ ਕਰਨ ਲਈ ਅਤੇ ਜਾਣਕਾਰੀ ਮੰਗਣ ਲਈ 24 ਘੰਟੇ ਖੁਲ੍ਹੀ ਰਹਿਣ ਵਾਲੀ ਹੌਟਲਾਈਨ।

**1-888-373-7888** www.traffickingresourcecenter.org

**ਕੈਲੇਫੋਰਨੀਆ ਰਿਲੇਅ ਸਰਵਿਸ:** ਗੂੰਗੇ, ਬੋਲੇ ਜਾਂ ਉੱਚਾ ਸੁਣਨ ਵਾਲੇ ਲੋਕਾਂ ਲਈ: **ਡਾਇਲ ਕਰੋ 711। ਅੰਗਰੇਜ਼ੀ ਵਿਚ ਆਵਾਜ਼ ਲਈ ਟੀ ਟੀ ਵਾਈ/ਐੱਚ ਸੀ ਓ/ਵੀ ਸੀ ਓ:** 1-800-735-2929 **ਅਤੇ ਸਪੈਨਿਸ਼ ਲਈ:** 1-800-855-3000। **ਅੰਗਰੇਜ਼ੀ ਵਿਚ ਆਵਾਜ਼ ਲਈ ਟੀ ਟੀ ਵਾਈ/ਐੱਚ ਸੀ ਓ/ਵੀ ਸੀ ਓ:** 1-800-735-2922 **ਅਤੇ ਸਪੈਨਿਸ਼ ਲਈ:** 1-800-855-3000। **ਸਪੀਚ ਤੋਂ ਜਾਂ ਸਪੀਚ ਲਈ – ਅੰਗਰੇਜ਼ੀ ਅਤੇ ਸਪੈਨਿਸ਼:** 1-800-854-7784।

**************************************************

*ਕੈਲੇਫੋਰਨੀਆ ਦੇ ਸੰਵਿਧਾਨ ਅਧੀਨ ‘ਵਿਕਟਿਮ’ ਤੋਂ ਭਾਵ “ਉਹ ਵਿਅਕਤੀ ਹੈ ਜਿਸ ਨੂੰ ਕਿਸੇ ਜੁਰਮ ਜਾਂ ਜੁਰਮ ਦੇ ਯਤਨ ਜਾਂ ਅਪਰਾਧੀ ਕਾਰਵਾਈ ਦੇ ਨਤੀਜੇ ਵਜੋਂ ਸਿੱਧਾ ਸਰੀਰਕ, ਮਨੋਵਿਗਿਆਨਕ, ਜਾਂ ਮਾਇਕ ਨੁਕਸਾਨ ਹੋਇਆ ਹੈ ਜਾਂ ਇਹ ਨੁਕਸਾਨ ਕਰਨ ਦੀ ਧਮਕੀ ਦਿੱਤੀ ਗਈ ਹੈ। ਸ਼ਬਦ ‘ਵਿਕਟਿਮ’ (ਪੀੜਤ) ਵਿਚ ਵਿਅਕਤੀ ਦਾ ਪਤੀ/ਪਤਨੀ, ਮਾਪੇ, ਬੱਚੇ, ਭੈਣ–ਭਰਾ, ਜਾਂ ਗਾਰਡੀਅਨ ਵੀ ਸ਼ਾਮਲ ਹਨ, ਅਤੇ ਇਸ ਵਿਚ ਜੁਰਮ ਤੋਂ ਪੀੜਤ ਉਸ ਵਿਅਕਤੀ ਦਾ ਹੱਕੀ ਪ੍ਰਤੀਨਿਧ ਵੀ ਸ਼ਾਮਲ ਹੈ ਜਿਸ ਦੀ ਮੌਤ ਹੋ ਗਈ ਹੈ, ਬੱਚਾ ਵੀ ਸ਼ਾਮਲ ਹੈ ਜਾਂ ਸਰੀਰਕ ਜਾਂ ਮਨੋਵਿਗਿਆਨਕ ਤੌਰ ’ਤੇ ਅਯੋਗ ਵਿਅਕਤੀ ਵੀ ਸ਼ਾਮਲ ਹੈ। ਸ਼ਬਦ ‘ਵਿਕਟਿਮ’ ਉਸ ਵਿਅਕਤੀ ਨੂੰ ਸ਼ਾਮਲ ਨਹੀਂ ਕਰਦਾ ਜੋ ਕਿਸੇ ਜੁਰਮ ਲਈ ਹਿਰਾਸਤ ਵਿਚ ਹੈ, ਕਥਿਤ ਦੋਸ਼ੀ ਹੈ, ਜਾਂ ਅਜਿਹਾ ਵਿਅਕਤੀ ਹੈ ਜਿਸ ਬਾਰੇ ਅਦਾਲਤ ਸਮਝਦੀ ਹੈ ਕਿ ਉਹ ਨਾਬਾਲਗ ਪੀੜਤ ਦੇ ਬਿਹਤਰ ਹਿੱਤਾਂ ਵਿਚ ਕੰਮ ਨਹੀਂ ਕਰੇਗਾ।” (ਕੈਲੇਫੋਰਨੀਆ ਦੇ ਸੰਵਿਧਾਨ ਦਾ ਆਰਟੀਕਲ I, ਸੈਕਸ਼ਨ 28(e))*

*ਪੀੜਤ, ਪੀੜਤ ਵਲੋਂ ਕੀਤਾ ਗਿਆ ਵਕੀਲ, ਪੀੜਤ ਦਾ ਕੋਈ ਹੱਕੀ ਪ੍ਰਤੀਨਿਧ, ਜਾਂ ਮੁਕੱਦਮੇ ਦੀ ਪੈਰਵੀ ਕਰ ਰਿਹਾ ਵਕੀਲ, ਪੀੜਤ ਦੀ ਬੇਨਤੀ ’ਤੇ ਕਿਸੇ ਵੀ ਮੁਕੱਦਮੇ ਵਿਚ ਜਾਂ ਅਪੀਲ ਕੋਰਟ ਵਿਚ ਹੱਕ ਵਜੋਂ ਉਪਰ ਲਿਖੇ ਹੱਕ ਲਾਗੂ ਕਰਵਾ ਸਕਦੇ ਹਨ। ਅਦਾਲਤ ਅਜਿਹੀ ਕਿਸੇ ਵੀ ਬੇਨਤੀ ’ਤੇ ਝਟਪਟ ਕਾਰਵਾਈ ਕਰੇਗੀ। (ਕੈਲੇਫੋਰਨੀਆ ਦੇ ਸੰਵਿਧਾਨ ਦਾ ਆਰਟੀਕਲ I, ਸੈਕਸ਼ਨ 28(c)(1))*

**ਵਿਕਟਿਮਜ਼ ਸਰਵਿਸਿਜ਼ ਯੂਨਿਟ, ਜੂਨ 2012**

Funding is made possible through the United States Department of Justice, Victims of Crime Act, 2011-VW-GX-0028